# ਪੰਜਾਬੀ ਨਾਟਕ

- **ਪੰਜਾਬੀ ਨਾਟਕ** ਦਾ ਇਤਿਹਾਸ ਇੱਕ ਜਟਿਲ ਵਰਤਾਰਾ ਹੈ ਕਿਉਂਕਿ ਪੰਜਾਬੀ ਸਭਿਆਚ਼ਾਰ ਵ਼ਿੱਚ 'ਨਾਟ਼ਕ ਵਿਧਾ ਦੀ ਸਥਿਤੀ ਕਦੇ ਵੀ ਸੰਤੋਖਜਨਕ ਨਹੀਂ ਰਹੀ। ਇੱਕ ਤੋਂ ਵਧੀਕ ਕਾਰਨਾਂ ਕਰ ਕੇ ਇਹ ਵਿਧਾ ਪੰਜਾਬੀ ਸਮਾਜ ਵਿੱਚ ਵੱਕਾਰੀ ਸਥਾਨ ਗ੍ਰਹਿਣ ਨਹੀਂ ਕਰ ਸਕੀ। ਇਸ ਲਈ ਪੰਜਾਬੀ ਨਾਟਕ ਦਾ ਇਤਿਹਾਸ ਲੇਖਣ ਸੰਭਵ ਨਹੀਂ ਹੋਇਆ। ਇਸੇ ਲਈ ਪੰਜਾਬੀ ਨਾਟਕ ਦਾ ਇਤਿਹਾਸ ਲਿਖਦਿਆ ਉਸ ਸਭਿਆਚਾਰਕ, ਪਿਛੋਕੜ, ਲੋਕਧਾਰਾਈ ਵਿਹਾਰ ਤੇ ਮਾਨਸਿਕਤਾ ਨੂੰ ਸਮਝਣਾ ਅਵੱਸ਼ਕ ਹੈ।ਇਹ ਇਸ ਲਈ ਵੀ ਜਾਣਨਾ ਜਰੂਰੀ ਹੈ ਪੰਜਾਬੀ ਵਿੱਚ ਭਾਵੇਂ ਨਾਟਕ ਦਾ ਵਿਧੀਵਾਤ ਆਰੰਭ ਪੱਛਮ ਦੇ ਪ੍ਰਭਾਵ ਨਾਲ ਹੋਇਆ ਪਰੰਤੂ ਆਪਣੀ ਇੱਕ ਸਦੀ ਦੀ ਇਤਿਹਾਸ ਸਿਰਜਣਾ ਦੌਰਾਨ ਇਹ ਬਾਰ-ਬਾਰ ਕਿਸੇ ਨਾ ਕਿਸੇ ਰੂਪ ਵਿੱਚ ਆਪਣੇ ਪਿੱਛੇ ਵੱਲ ਅਹੁਲਦਾ ਭਾਵ ਪੰਜਾਬੀ ਲੋਕਧਾਰਾਂ ਤੇ ਸਭਿਆਚਾਰ ਨਾਲ ਵਾਸਤਾ ਹੋਣ ਦਾ ਯਤਨ ਕਰਦਾ ਰਿਹਾ ਹੈ।

- ਪੰਜਾਬੀ ਨਾਟਕ ਦੇ ਜਨਮ ਤੇ ਵਿਕਾਸ ਬਾਰੇ ਅਕਸਰ ਉਹਨਾਂ ਫੋਰੀ ਕਾਰਨਾਂ ਨੂੰ ਸਾਹਮਣੇ ਰੱਖ ਕੇ ਹੀ ਅਧਿਐਨ ਕਰ ਲਿਆ ਜਾਦਾ ਹੈ ਜਿਹੜੇ ਅੰਗਰੇਜਾਂ ਦੀ ਆਮਦ ਨਾਲ ਪੱਛਮੀ ਸਾਹਿਤ ਅਤੇ ਚਿੰਤਨ ਦੇ ਪ੍ਰਭਾਵ ਅਧੀਨ ਦ੍ਰਿਸ਼ਟੀਗੋਚਰ ਹੋਏ। ਇਨ੍ਹਾਂ ਫੋਰੀ ਕਾਰਨਾਂ ਦਾ ਵਿਸ਼ੇਸ ਮਹੱਤਵ ਹੈ।ਇਹਨਾਂ ਦਾ ਅਧਿਐਨ ਹੋਣ ਜਰੂਰੀ ਹੈ ਕਿਉਂਕਿ ਇਹਨਾਂ ਕਰ ਕੇ ਹੀ ਵਿਧਾ ਦੇ ਰੂਪ ਵਿੱਚ ਨੱਟਕ ਦੀ ਪੰਜਾਬੀ ਸਾਹਿਤ ਵਿੱਚ ਆਮਦ ਹੋਈ।ਪਰੰਤੂ ਸਾਡੀ ਦ੍ਰਿਸ਼ਟੀ ਵਿੱਚ ਇਹਨਾਂ ਫੋਰੀ ਕਾਰਨਾਂ ਦੇ ਅਧਿਐਨ ਤੋਂ ਇਲਾਵਾ ਉਸ ਭਾਸਾਈ ਅਤੇ ਲੋਕਧਾਰਾਈ ਪਿਛੋਕੜ ਨੂੰ ਜਰੂਰੀ ਹੈ ਜਿਹੜਾ ਕਿਸੇ ਵੀ ਭਾਸ਼ਾ ਦੇ ਸਾਹਿਤ ਦੀਆਂ ਜੜ੍ਹਾਂ ਵਿੱਚ ਹਾਜਰ ਰਹਿਦਾ ਹੈ ਅਤੇ ਜੋ ਪ੍ਰੋਖ ਨਹੀਂ ਤਾਂ ਅਪ੍ਰੋਖ ਰੂਪ ਵਿੱਚ ਉਸ ਨੂੰ ਪ੍ਰਭਾਵਿਤ ਕਰਦਾ ਹੈ।

- ਸੰਸਕ੍ਰਿਤ ਨਾਟ-ਪਰੰਪਰਾ ਵਿਸਵ ਨਾਟ ਸਾਹਿਤ ਵਿੱਚ ਜਾਣੀ ਪਛਾਣੀ ਤੇ ਸਥਾਪਿਤ ਹੈ। ਭਾਰਤ ਵਿੱਚ ਕਈ ਸਦੀਆਂ ਤੋ ਇਸ ਪਰੰਪਰਾ ਦਾ ਪ੍ਰਚਲਨ ਰਿਹਾ। ਪੱਛਮ ਵਿੱਚ ਸਭ ਤੋ ਪਹਿਲਾ ਸਰ ਵਿਲੀਅਮ ਜੋਨਜ਼ ਦੁਆਰਾ ਕੀਤੇ 'ਸ਼ਕੁੰਤਲਾ' ਨਾਟਕ ਦੇ ਅੰਗਰੇਜੀ ਅਨੁਵਾਦ ਰਾਹੀ ਇਸ ਨਾਟ-ਪਰੰਪਰਾ ਦਾ ਸੰਚਾਰ ਪੱਛਮ ਤੱਕ ਹੋਇਆ। ਵਰਤਮਾਨ ਸਮੇਂ ਪੰਜਾਬੀ ਨਾਟਕ ਦਾ ਖੇਤਰ ਭਾਰਤੀ ਪੰਜਾਬ ਹੀ ਨਹੀਂ ਸਗੋਂ ਭਾਰਤ ਤੋਂ ਬਾਹਰ ਜਿਥੇ ਜਿਥੇ ਪੰਜਾਬੀ ਵੱਸਦੇ ਹਨ, ਉੱਥੇ-ਉੱਥੇ ਆਪਣੀ ਹੋਂਦ ਦੀ ਗੁਆਹੀ ਭਰ ਚੁੱਕਾ ਹੈ। ਭੂਗੋਲਿਕ ਹੱਦਾਂ ਦੇ ਆਧਾਰ ਤੇ ਪੰਜਾਬੀ ਨਾਟਕ ਨੂੰ ਤਿੰਨ ਭਾਗਾਂ ਵੰਡਿਆ ਗਿਆ ਹੈ:

- ਭਾਰਤੀ ਪੰਜਾਬੀ ਨਾਟਕ
- ਪਾਕਿਸਤਾਨੀ ਪੰਜਾਬੀ ਨਾਟਕ
- ਪਰਵਾਸੀ ਪੰਜਾਬੀ ਨਾਟਕ

# ਪੰਜਾਬੀ ਨਾਟਕ ਦਾ ਪਹਿਲਾ ਦੌਰ(1913 ਤੋਂ ਪਹਿਲਾਂ)

- ਵੀਹਵੀਂ ਸਦੀ ਵਿੱਚ ਪੰਜਾਬੀ ਨਾਟਕ ਸਪੱਸ਼ਟ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ। 1913 ਤੋਂ ਪਹਿਲਾਂ ਬਹੁਤ ਸਾਰੇ ਅਨੁਵਾਦਿਤ ਨਾਟਕ ਰਚੇ ਗਏ। 1912 ਈ: ਵਿੱਚ ਭਾਈ ਮੋਹਨ ਸਿੰਘ ਵੈਦ ਨੇ 'ਕਾਮੇਡੀ ਆਫ਼ ਐਰਰਜ਼' ਦਾ 'ਭੁੱਲ-ਭੁਲੱਈਆਂ' ਨਾਮ ਹੇਠ ਅਨੁਵਾਦ ਕੀਤਾ, ਅਮਰ ਸਿੰਘ ਨੇ 'ਓਥੈਲੋ' ਨਾਟਕ ਨੂੰ 'ਦੋਸ਼-ਦਮਨ' ਨਾਮ ਅਧੀਨ ਅਨੁਵਾਦ ਕੀਤਾ। 1901 ਤੋਂ 1913 ਤੱਕ ਦੇ ਇਸ ਦੌਰ ਵਿੱਚ ਅਨੁਵਾਦਿਤ ਨਾਟਕਾਂ ਤੋਂ ਇਲਾਵਾ ਮੌਲਿਕ ਨਾਟਕ ਰਚਣ ਦੀ ਸ਼ੁਰੂਆਤ 'ਬਾਵਾ ਬੁੱਧ ਸਿੰਘ' ਨੇ 1909 ਈ: ਵਿੱਚ 'ਚੰਦਰ ਹਰੀ' ਨਾਟਕ ਨਾਲ ਕੀਤੀ। 1910 ਈ: ਵਿੱਚ ਭਾਈ ਵੀਰ ਸਿੰਘ ਨੇ 'ਰਾਜਾ ਲਖਦਾਤਾ ਸਿੰਘ' ਦੀ ਰਚਨਾ ਕੀਤੀ ਅਤੇ 1911 ਈ: ਵਿੱਚ ਅਰੂੜ ਸਿੰਘ ਤਾਇਬ ਨੇ 'ਸੁੱਕਾ ਸਮੁੰਦਰ' ਅਤੇ 1912 ਈ: ਵਿੱਚ 'ਨਲ ਦਮਯੰਤੀ' ਦੀ ਰਚਨਾ ਕੀਤੀ ਪ੍ਰੰਤੂ ਇਹ ਨਾਟਕਕਾਰ ਕਈ ਪੱਖਾਂ ਤੋਂ ਊਣੇ ਰਹੇ ਜਿਸ ਕਰਕੇ ਉਹਨਾਂ ਦੇ ਨਾਟਕਾਂ ਨੂੰ ਸੰਪੂਰਨ ਨਾਟਕ ਨਹੀਂ ਕਿਹਾ ਜਾ ਸਕਦਾ।

# ਪੰਜਾਬੀ ਨਾਟਕ ਦਾ ਦੂਜਾ ਦੌਰ

- ਪੰਜਾਬੀ ਨਾਟਕ ਦੇ ਇਤਿਹਾਸ ਵਿਚਲਾ ਇਹ ਦੂਜਾ ਦੌਰ ਪੰਜਾਬੀ ਨਾਟਕ ਦੇ ਵਿਕਾਸ ਦੇ ਬਹੁਮੁਖੀ ਪਸਾਰਾਂ ਨਾਲ ਸੰਬੰਧਿਤ ਹੈ। ਇਨ੍ਹਾਂ ਪਸਾਰਾਂ ਦੇ ਉਭਾਰ ਵਿੱਚ ਭਾਰਤ ਤੇ ਵਿਸ਼ੇਸ਼ ਕਰ ਪੰਜਾਬ ਦੇ ਇਤਿਹਾਸਕ ਪਿਛੋਕੜ ਦਾ ਵੀ ਦਖ਼ਲ ਹੈ।ਇਸੇ ਲਈ ਪਿਛਲੇ ਦੌਰ ਦੀ ਨਾਟਕਕਾਰੀ ਨੂੰ ਇਸ ਦੌਰ ਵਿੱਚ ਇਕ ਨਿਰੰਤਰਤਾ ਪ੍ਰਾਪਤ ਹੰੁਦੀ ਹੈ। ਜਿਸ ਵਿੱਚ ਕਾਫ਼ੀ ਕੁਝ ਨਵਾਂ ਵੀ ਰਲਦਾ ਜਾਂਦਾ ਹੈ।ਨਾਲ ਹੀ ਇਤਿਹਾਸਕ ਦ੍ਰਿਸ਼ਟੀ ਤੋ 1913 ਦਾ ਵਰ੍ਹਾਂ ਵਿਸ਼ੇਸ਼ ਅਰਥਾਂ ਵਿੱਚ ਮਹੱਤਵ ਗ੍ਰਹਿਣ ਕਰਦਾ ਹੈ ਜਿਹੜਾ ਇਸ ਦਾ ਆਰੰਭਲਾ ਵਰ੍ਹਾਂ ਹੈ। 1913 ਤੋ 1947 ਤੱਕ ਦੇ ਦੂਜੇ ਦੌਰ ਵਿਚ ਪੰਜਾਬੀ ਨਾਟਕ ਦੀਆਂ ਦੋ ਧਰਾਵਾਂ ਸਮਾਨਾਂਤਰ ਵਹਿੰਦੀਆ ਰਹੀਆਂ ਹਨ।ਇਕ ਰਵਾਇਤੀ ਨਾਟਕ ਤੇ ਦੂਜਾ ਪੱਛਮੀ ਤਕਨੀਕ ਦਾ ਨਾਟਕ।ਇਹ ਦੌਰ ਨਵੇ ਸੁਪਨਿਆਂ, ਨਵੀਆਂ ਚੁਣੋਤੀਆਂ ਤੇ ਨਵੇਂ ਸੰਸਕਾਰਾਂ ਦਾ ਦੌਰ ਹੈ ਕਿਉਕਿ ਇਹੀ ਸਮਾ ਹੈ ਜਦੋ ਕੌਮੀ ਆਜਾਦੀ ਇਸ ਦੌਰ ਵਿਚ ਨਾਟਕਕਾਰੀ ਦੀ ਦ੍ਰਿਸ਼ਟੀ ਤੋ ਦੂਜੀ ਪੀੜ੍ਹੀ ਨਮੂਦਾਰ ਹੰੁਦੀ ਹੈ। ਜਿਸ ਵਿੱਚ ਸੁਰਜੀਤ ਸਿੰਘ ਸੇਠੀ,ਹਰਸਰਨ ਸਿੰਘ, ਕਪੂਰ ਸਿੰਘ ਘੁੰਮਣ, ਗੁਰਚਰਨ ਸਿੰਘ ਜਸੂਜਾ, ਅਮਰੀਕ ਸਿੰਘ, ਪਰਿਤੋਸ਼ ਗਾਰਗੀ ਆਦਿ ਨਾਕਕਾਰ ਸ਼ਾਮਿਲ ਹਨ। ਇਸ ਦੇ ਸਮਾਨਾਂਤਰ ਪਹਿਲੀ ਪੀੜ੍ਹੀ ਲਗਾਤਾਰ ਨਾਟ- ਰਚਨਾ ਨਾਲ ਜੁੜੀ ਰਹਿੰਦੀ ਹੈ। ਜਿਸ ਵਿੱਚ ਪੱਛਮੀ ਭਾਂਤ ਦੇ ਆਧੁਨਿਕ ਚੇਤਨਾ ਲਾਲ ਸੰਪੰਨ ਨਾਟਕਕਾਰ ਸਾਹਮਣੇ ਆਉਦੇ ਹਨ ਅਤੇ ਰਵਾਇਤੀ ਨਾਟਕ ਲਿਖਣ ਵਾਲੇ ਲੇਖਕ ਪਿੱਠਭੂਮੀ ਵਿਚ ਚਲੇ ਜਾਂਦੇ ਹਨ। ਪ੍ਰੋ. ਈਸ਼ਵਰ ਚੰਦਰ ਨੰਦਾ ਹੀ ਇਸ ਦੌਰ ਦਾ ਉਹ ਨਾਟਕਕਾਰ ਹੈ ਜਿਸਨੇ ਨਵੀਨ ਨਾਟਕ ਨੂੰ ਜਨਮ ਦਿੱਤਾ। ਪੰਜਾਬੀ ਨਾਟਕ ਦੇ ਇਤਿਹਾਸ ਵਿੱਚ ਇਸ ਤੱਥ ਨੂੰ ਸਰਬ ਪ੍ਰਵਾਨਿਤ ਗ੍ਰਹਿਣ ਕੀਤਾ ਜਾ ਸਕਦਾ ਹੈ ਕਿ ਆਧੁਨਿਕ ਭਾਂਤ ਦੇ ਸਾਹਿਤਿਕ ਨਾਟਕ ਦਾ ਆਰੰਭ ਆਈ.ਸੀ.ਨੰਦਾ ਰਾਹੀਂ ਮਿਸਿਜ਼ ਨੋਰ੍ਹਾ ਰਿਚਰਡਜ਼ ਦੀ ਪ੍ਰੇਰਨਾ ਨਾਲ ਈ: ਵਿੱਚ ਛਪੇ ਨਾਟਕ ਦੁਲਹਨ (ਸੁਹਾਗ) 'ਤੋੋਂ ਹੋਇਆ। ਇਸ ਤੋਂ ਬਾਅਦ 1914 ਈ: ਵਿੱਚ 'ਬੇਬੇ ਰਾਮ ਭਜਨੀ', 'ਸੁਭੱਦਰਾ', 'ਸ਼ਾਮੂ ਸ਼ਾਹ', 'ਵਰ ਘਰ', 'ਸੋਸ਼ਲ ਸਰਕਲ' ਆਦਿ ਨਾਟਕ ਲਿਖੇ ਜਿਹਨਾਂ ਵਿੱਚ ਸਮਾਜਿਕ ਸਮੱਸਿਆਵਾਂ, ਇਸਤਰੀ ਦੀਆਂ ਸਮੱਸਿਆਵਾਂ ਅਤੇ ਮਨੁੱਖ ਦੀ ਚੇਤੰਨ ਵਿਚਾਰਧਾਰਾ ਨੂੰ ਪੇਸ਼ ਕੀਤਾ। ਨੰਦਾ ਤੋਂ ਮਗਰੋਂ ਹਰਚਰਨ ਸਿੰਘ ਨੇ 1937 ਈ: ਵਿੱਚ 'ਕਮਲਾ ਕੁਮਾਰੀ' ਰਚਿਆ। ਕਰਤਾਰ ਸਿੰਘ ਦੁੱਗਲ ਨੇ 1941 ਈ: ਵਿੱਚ 'ਇੱਕ ਸਿਫ਼ਓਮਪ;ਰ ਸਿਫ਼ਓਮਪ;ਰ' ਇਕਾਂਗੀ ਸੰਗ੍ਰਹਿ, ਬਲਵੰਤ ਗਾਰਗੀ ਨੇ 1944 ਈ: ਵਿੱਚ 'ਬੂਹੇ ਬੈਠੀ ਧੀ' ਨਾਟਕ ਰਚਿਆ, ਗੁਰਦਿਆਲ ਸਿੰਘ ਫੁੱਲ ਨੇ 1945 ਈ: ਵਿੱਚ 'ਜੋੜੀ' ਨਾਟਕ ਅਤੇ 'ਸੰਤ ਸਿੰਘ ਸੇਖੋਂ' ਨੇ 1946 ਈ: ਵਿੱਚ 'ਕਲਾਕਾਰ' ਨਾਟਕ ਰਾਹੀਂ ਪੰਜਾਬੀ ਨਾਟਕ ਦੇ ਖੇਤਰ ਵਿੱਚ ਪ੍ਰਵੇਸ਼ ਕੀਤਾ। ਇਹ ਸਾਰੇ ਨਾਟਕਕਾਰ ਪੰਜਾਬੀ ਨਾਟਕ ਦੀ ਪਹਿਲੀ ਪੀੜ੍ਹੀ ਦੇ ਨਾਟਕਕਾਰ ਕਹਾਉਂਦੇ ਹਨ। ਇਹਨਾਂ ਨਾਟਕਕਾਰਾਂ ਨੇ ਆਪਣੇ ਨਾਟਕਾਂ ਵਿੱਚ ਬਾਲ ਵਿਆਹ, ਅਣਜੋੜ ਵਿਆਹ, ਵਿਧਵਾ ਵਿਆਹ, ਵਹਿਮ ਭਰਮ, ਅੰਧ ਵਿਸ਼ਵਾਸਾਂ ਆਦਿ ਨੂੰ ਪੇਸ਼ ਕੀਤਾ ਅਤੇ ਰੰਗਮੰਚ ਰਾਹੀਂ ਇਹ ਵਿਸ਼ੇ ਲੋਕਾਂ ਤੱਕ ਜ਼ਿਆਦਾ ਪਹੁੰਚੇ ਜੋ ਕਿ ਲੋਕਾਂ ਨੂੰ ਜਾਗ੍ਰਿਤ ਕਰਨ ਵਿੱਚ ਵਧੇਰੇ ਸਹਾਈ ਹੋਏ। ਇਸ ਸਮੇਂ ਪੰਜਾਬੀ ਨਾਟਕ ਦਾ ਮੁੱਖ ਸਰੋਕਾਰ ਅਜ਼ਾਦੀ ਪ੍ਰਾਪਤੀ ਤੋ ਬਾਅਦ ਅਜ਼ਾਦੀ ਦੇ ਦੌਰ ਵਿਚਲੇ ਵਿਰੋਧਾਂ ਅਤੇ ਅੰਤਰ-ਵਿਰੋਧਾਂ ਨੂੰ ਉਜਾਗਰ ਕਰਨਾ ਰਿਹਾ ਹੈ। ਇਹੀ ਕਾਰਨ ਹੈ ਕਿ ਅਜਾਦੀ ਨਾਲ ਜੁੜੇ ਸੁਪਨਿਆ ਦੀ ਪੂਰਤੀ ਦੇ ਮਕਾਬਲੇ ਸੁਪਨਿਆਂ ਦੀ ਟੁੱਟ ਭੱਜ ਦਾ ਹਵਾਲਾ ਜਿਆਦਾ ਮਹੱਤਵਪੂਰਨ ਰਿਹਾ ਹੈ।

# ਪੰਜਾਬੀ ਨਾਟਕ ਦਾ ਤੀਜਾ ਦੌਰ

ਪੰਜਾਬੀ ਨਾਟਕ ਦੇ ਇਤਿਹਾਸਕਾਰਾਂ ਵੱਲੋਂ ਕੀਤੇ ਗੁਏ ਵਰਗੀਕਰਨ ਦੇ ਅਨੁਸਾਰ 1947 ਤੋਂ 1975 ਤੱਕ ਪੰਜਾਬੀ ਨਾਟਕ ਦਾ ਤੀਜਾ ਦੌਰ ਨਿਰਧਾਰਤ ਕੀਤਾ ਗਿਆ ਹੈ। 1947 ਦੇਸ਼ ਵੰਡ ਤੋਂ ਬਾਅਦ ਪੰਜਾਬੀ ਨਾਟਕ ਦਾ ਨਵਾਂ ਦੌਰ ਸ਼ੁਰੂ ਹੁੰਦਾ ਹੈ। ਜਿਸ ਦੇ ਅੰਤਰਗਤ ਪਹਿਲੀ ਪੀੜ੍ਹੀ ਦੇ ਨਾਟਕਕਾਰਾਂ ਦੇ ਨਾਲ ਨਾਲ ਨਵੀਨ ਕਲਮਾ ਪੰਜਾਬੀ ਨਾਟਕ ਖੇਤਰ ਵਿਚ ਕਦਮ ਧਰਦੀਆਂ ਹਨ। **ਪੰਜਾਬੀ ਨਾਟਕ** ਦੀ ਪ੍ਰਯੋਗਵਾਦੀ ਲਹਿਰ ਦਾ ਆਰੰਭ 1965 ਵਿੱਚ ਕਪੂਰ ਸਿੰਘ ਘੁੰਮਣ,ਸਰਜੀਤ ਸਿੰਘ ਸੇਠੀ,ਹਰਸ਼ਰਨ ਸਿੰਘ ਵਰਗੇ ਉੱਘੇ ਨਾਟਕਕਾਰਾਂ ਨਾਲ ਹੋਇਆ। ਪ੍ਰਯੋਗਸ਼ੀਲ ਲਹਿਰ ਦੇ ਪ੍ਰਭਾਵ ਅਧੀਨ ਬਰਤੋਲਤੋ ਬਰੈਖ਼ਤ ਦਾ ਐਪਿਕ ਥੀਏਟਰ,ਐਨਤੋਲਿਕ ਆਰਤੋ ਦਾ ਹੰਗਾਮੀ ਥੀਏਟਰ,ਸੈਮੂਅਲ ਬੈਕਟ ਦਾ ਐਬਸਰਡ ਥੀਏਟਰ ਦਾ ਪ੍ਰਯੋਗ ਨਵੀਆਂ ਸ਼ੈਲੀਆਂ ਵਜੋਂ ਕੀਤਾ ਜਾਂਦਾ ਰਿਹਾ ਹੈ। 1965 ਤੋਂ ਪਿੱਛੋਂ ਪ੍ਰਯੋਗਵਾਦੀ ਲਹਿਰ ਨਾਲ ਪੰਜਾਬੀ ਨਾਟਕ ਦਾ ਤੀਜਾ ਦੌਰ ਸ਼ੁਰੂ ਹੋਇਆ। 1965 ਵਿੱਚ ਮਹੱਤਵਪੂਰਨ ਪੰਜਾਬੀ ਨਾਟਕ ਪ੍ਰਕਾਸ਼ਿਤ ਹੋਏ।ਸੁਰਜੀਤ ਸਿੰਘ ਸੇਠੀ ਦਾ 'ਕਿੰਗ ਮਿਰਜ਼ਾ ਤੇ ਸਪੇਰਾ` (1965) ਅਤੇ ਹਰਸਰਨ ਸਿੰਘ ਦਾ 'ਉਦਾਸ ਲੋਕ`(1965) ਇਹ ਦੋਵੇ ਰਚਨਾਵਾਂ ਸੁਤੰਤਰਤਾ ਤੋਂ ਬਾਅਦ ਰਚੇ ਵਰਗ ਚੇਤਨਾ ਵਾਲੇ ਨਾਟਕਾਂ ਤੋਂ ਵਿਲੱਖਣ ਸੁਰ ਦੀਆਂ ਸੁਆਮੀ ਹਨ। ਕਪੂਰ ਸਿੰਘ ਘੁੰਮਣ ਦਾ 'ਜ਼ਿੰਦਗੀ ਤੋਂ ਦੂਰ(1960) ਵੀ ਇਸੇ ਨਿਰਾਸ਼ਾ ਨੂੰ ਨਿਰੂਪਿਤਕਰਦਾ ਹੈ। ਘੁੰਮਣ ਦਾ ਹੀ 'ਅਤੀਤ ਦੇ ਪਰਛਾਵੇਂ`(1967) ਇੱਕ ਸੁੰਦਰ ਨਾਟ ਥੀਏਟਰ ਸਿਰਜਦਾ ਹੈ ਪਰ ਇਹ ਨਾਟਕ ਵੀ ਮਨੁੱਖ ਦੀ ਅੰਦਰਲੀ ਟੁੱਟ ਭੱਜ ਉੱਤੇ ਹੀ ਕੇਂਦਰਿਤ ਹੈ। ਸਮਾਜਿਕਤਾ ਨਾਲ ਵੀ ਜੁੜਦੇ ਹਨ ਜਿਵੇਂ 'ਸੈਲ ਪੱਥਰ`1949),ਕੇਸਰੋ (1952), ਕਣਕ ਦੀ ਬੱਲੀ (1954), ਸੁਰਜੀਤ ਸਿੰਘ ਸੇਠੀ ਰਚਿਤ 'ਮਰਦ ਮਰਦ ਨਹੀਂ,ਤੀਵੀ ਤੀਵੀ ਨਹੀ`(1969)ਅਤੇ ਘੁੰਮਣ ਰਚਿਤ ਬੁਝਾਰਤ(1970) ਬਾਰੇ ਵੀ ਇਹੋ ਗੱਲ ਆਖੀ ਜਾ ਸਕਦੀ ਹੈ। ਪ੍ਰਗਤੀਵਾਦੀ ਨਾਟਕ- ਮਸਲਨ ਪ੍ਰਗਤੀਵਾਦ ਲਹਿਰ ਨਾ ਕੇਵਲ ਇਖਦਾਂ ਦੇ ਨਾਟਕਾ ਦਾ ਪ੍ਰੇਰਕ ਬਣੀ ਸਗੋਂ ਪੰਜਾਬੀ ਨਾਟਕ ਦੀ ਮੁੱਖ ਧਾਰਾ ਵੀ ਇਸ ਤੋਂ ਅਛੂਤੀ ਨਹੀਂ ਰਹੀ।ਭਾਵੇਂ ਮੁੱਖ ਰੂਪ ਵਿੱਚ ਇਸ ਲਹਿਰ ਦਾ ਨਾਟਕ ਓਵੇਂ ਨਹੀਂ ਉਭਰਿਆ ਜਿਵੇਂ ਇਸ ਲਹਿਰ ਦੇ ਪ੍ਰਭਾਵ ਕਵਿਤਾ,ਕਹਾਣੀ,ਨਾਵਲ ਵਿੱਚ ਵੇਖੇ ਜਾ ਸਕਦੇ ਹਨ। ਇਪਟਾ- ਇਪਟਾ ਨੇ ਪੰਜਾਬੀ ਥੀਏਟਰ ਦੀ ਉਪਰੋਕਤ ਜਕੜ ਬੰਦੀ ਨੂੰ ਤੋੜਿਆ।ਪਹਿਲੀ ਥੀਏਟਰ ਵਿਚਾਰ ਦੀ ਦ੍ਰਿਸ਼ਟੀ `ਚੋਂ ਰਾਜਸੀ ਚੇਤਨਾ ਸੰਪੰਨ ਹੋਇਆ। ਬਾਲ ਨਾਟਕ- ਇਪਟਾ ਲਹਿਰ ਤੇ ਉਪੇਰਾ ਨਾਟ-ਰੂਪ ਦੇ ਨਾਲ ਇਸ ਦੌਰ ਵਿੱਚ ਬਾਲ ਨਾਟਕ ਦੀ ਧਾਰਾ ਵੀ ਵਿਕਸਿਤ ਹੋਈ।ਭਾਵੇਂ ਬਾਲ ਨਾਟਕਾਂ ਦਾ ਆਰੰਭ1947 ਤੋਂ ਪਹਿਲਾਂ ਹੋ ਚੁੱਕਾ ਸੀ ਪਰੰਤੂ ਇਹ ਆਰੰਭਕ ਪ੍ਰਕਿਰਿਠਾ ਅਜੇ ਆਪਣੇ ਮੁੱਢਲੇ ਦੌਰ ਵਿਚ ਹੀ ਸੀ। ਅਜ਼ਾਦੀ ਤੋਂ ਬਾਅਦ ਪੰਜਾਬੀ ਬਾਲ ਨਾਟਕ ਵਿਕਾਸ ਦੀ ਲੀਹ ਤੇ ਪੈਦਾ ਹੈ। ਨਾਟ-ਵਿਸਤਾਰ ਰੇਡਿਓ ਨਾਟਕ ਦੇ ਰੂਪ ਵਿੱਚ ਪ੍ਰਾਪਤ ਹੈ ਭਾਵੇਂ ਕਿ ਇਹ ਨਾਟਕ ਪ੍ਰਕਾਸ਼ਿਤ ਰੂਪ ਵਿੱਚ ਸਾਡੇ ਸਾਹਮਣੇ ਨਹੀਂ ਆਉਂਦਾ। ਇਸ ਦੌਰ ਵਿੱਚ ਇਸ ਦੇ ਵਿਕਾਸ ਦਾ ਕਾਰਨ ਇਹ ਹੈ ਕਿ ਅਜ਼ਾਦੀ ਤੋਂ ਬਾਅਦ ਦਾ ਸਮਾਂ ਹਿੰਦੁਸਤਾਨ ਵਿੱਚ ਮਸ਼ੀਨ, ਉਦਯੋਗ ਤੇ ਤਕਨੀਕ ਦੇ ਵਿਕਾਸ ਦਾ ਸਮਾ ਸੀ। ਵਿਸ਼ਿਸ਼ਟ ਨਾਟਕ:- ਇਸ ਪ੍ਰਕਾਰ ਵਿਸ਼ਿਸ਼ਟ ਪੰਜਾਬੀ ਨਾਟਕ ਤੇ ਲੋਕ-ਨਾਟ ਸ਼ੈਲੀਆਂ ਦਾ ਆਪਸ ਵਿੱਚ ਕੋਈ ਵਿਸ਼ੇਸ਼ ਸਬੰਧ ਨਹੀ ਹੈ ਕਿਉਕਿ ਵਿਸ਼ਿਸ਼ਟ ਪੰਜਾਬੀ ਨਾਟਕ ਪੱਛਮ ਦੀ ਯਥਾਰਥਵਾਦੀ ਸ਼ੈਲੀ ਅਧੀਨ ਜਨਮਿਆ ਅਤੇ ਵਿਕਸਿਤ ਹੋਇਆ।ਇਹਨਾਂ ਵਿਚੋ ਪ੍ਰਸਤੁਤ ਦੌਰ ਦੀਆਂ ਚੁਰਚਿਤ ਰਚਨਾਵਾਂ ਵਿਚ ਪਾਕਿਤਾਨੀ ਪੰਜਾਬੀ ਨਾਟਕ ਦਾ ਪਹਿਲਾ ਸੰਗ੍ਰਹਿ ਸੱਜਾਦ ਹੈਦਰ ਦਾ 'ਹਵਾ ਦੇ ਹਉਕੇ`(1957) ਮੰਨਿਆ ਜਾਂਦਾ ਹੈ।ਇਸ ਤੋ ਇਲਾਵਾ ਅਕਰਮ ਬਣ ਦਾ 'ਸਜਾਵਲ`(1970), ਸੂਫੀ ਤਬੱਸੰਸ ਦੇ 'ਦੋ ਨਾਟਕ`(1964), ਆਗਾ ਅਸ਼ਰਫ ਰਚਿਤ 'ਨਿੰਮਾ ਨਿੰਮਾ ਦੀਵਾ ਬਲੇ`(1963),ਸਜਾਦ ਹੈਦਰ ਦਾ

# ਪੰਜਾਬੀ ਨਾਟਕ ਦਾ ਚੌਥਾ ਦੌਰ

1975 ਤੋਂ 1990 ਤੱਕ ਇਸ ਦੌਰ ਵਿੱਚ ਪੰਜਾਬੀ ਨਾਟਕਕਾਰਾਂ ਦੀਆਂ ਤਿੰਨੇ ਪੀੜ੍ਹੀਆਂ ਮਿਲਕੇ ਪੰਜਾਬੀ ਨਾਟਕ ਦਾ ਵਿਕਾਸ ਕਰਦੀਆਂ ਹਨ। ਇਸ ਦੌਰ ਦੀਆਂ ਸਥਿਤੀਆਂ ਅਧੀਨ ਐਮਰਜੈਂਸੀ, ਪੰਜਾਬ ਸੰਕਟ, ਰਾਜਸੀ ਭ੍ਰਿਸ਼ਟਾਚਾਰ, ਪੰਜਾਬ ਅਤੇ ਭਾਰਤ ਵਿਚਲੀਆਂ ਰਾਜਸੀ ਤਬਦੀਲੀਆਂ, ਪੰਜਾਬ ਵਿਚਲੀ ਰੰਗਮੰਚੀ ਲਹਿਰ ਕਾਰਨ ਨਾਟਕ ਦੀ ਜਨਜੀਵਨ ਤੱਕ ਪਹੁੰਚ ਆਦਿ ਕਾਰਨਾਂ ਕਰਕੇ ਪੰਜਾਬੀ ਨਾਟਕ ਇੱਕ ਨਵੀਂ ਟੋਨ ਪਕੜਦਾ ਹੈ ਅਤੇ ਆਪਣੀਆਂ ਸਰਗਰਮੀਆਂ ਜਾਰੀ ਰੱਖਦਾ ਹੋਇਆ ਮੌਲਿਕਤਾ ਅਤੇ ਵਿਸਥਾਰ ਵੀ ਗ੍ਰਹਿਣ ਕਰਦਾ ਹੈ। ਇਸ ਦੌਰ ਵਿੱਚ ਪੰਜਾਬੀ ਨਾਟਕ ਆਤਮਜੀਤ-ਅਜਮੇਰ ਔਲਖ-ਚਰਨਦਾਸ ਸਿੱਧੂ-ਗੁਰਸ਼ਰਨ ਸਿੰਘ ਦੀ ਚੌਕੜੀ ਦੀਆਂ ਸਿਰਜਣਾਤਮਿਕ ਅਤੇ ਰੰਗਮੰਚੀ ਸਰਗਰਮੀਆਂ ਨਾਲ ਪ੍ਰਵਾਨ ਚੜ੍ਹਦਾ ਹੈ। ਆਤਮਜੀਤ ਨੇ ਆਪਣੇ ਨਾਟਕਾਂ ਹਵਾ ਮਹਿਲ' (1980) 'ਚਾਬੀਆਂ ਅਤੇ ਹੋਰ ਇਕਾਂਗੀ' (1976), 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਆਦਿ ਵਿੱਚ ਸ਼ਹਿਰੀ ਮੱਧ ਸ਼੍ਰੇਣੀ ਦੇ ਮਸਲਿਆਂ ਅਤੇ ਰਾਜਸੀ ਮਸਲਿਆਂ ਦੀ ਗੱਲ ਕੀਤੀ। ਉਹ ਲੋਕ ਨਾਟ ਅਤੇ ਆਧੁਨਿਕ ਰੰਗਮੰਚੀ ਵਿਧੀਆਂ ਨੂੰ ਬੜੇ ਸੁਚੱਜੇ ਢੰਗ ਨਾਲ ਵਰਤਦਾ ਹੈ। ਉਹ ਆਪ ਨਾਟਕ ਸਟੇਜ ਕਰਦਾ ਹੈ, ਉਸਨੇ 'ਕਲਾ ਮੰਚ' ਅੰਮ੍ਰਿਤਸਰ ਦੀ ਸਥਾਪਨਾ ਇਸੇ ਮੰਤਵ ਲਈ ਕੀਤੀ। ਅਜਮੇਰ ਔਲਖ ਮਾਲਵਾ ਖੇਤਰ ਵਿੱਚ ਪੰਜਾਬੀ ਰੰਗਮੰਚ ਨੂੰ ਸੁਰਜੀਤ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਉਹ ਯੂਨੀਵਰਸਿਟੀਆਂ ਦੇ ਨਾਟ-ਮੇਲਿਆਂ ਦੀਆਂ ਰੰਗਮੰਚੀ ਗਤੀਵਿਧੀਆਂ ਵਿੱਚੋਂ ਜਨਮਿਆ ਨਾਟਕਕਾਰ ਹੈ। ਉਹ ਮਾਲਵੇਂ ਦੀ ਨਿਮਨ ਕਿਰਸਾਨੀ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕਰਦਾ ਹੈ। ਉਸਨੇ 'ਇਸ਼ਕ ਜਿੰਨ੍ਹਾਂ ਦੇ ਹੱਡੀਂ ਰਚਿਆ' (1977), 'ਅਰਬਦ ਨਰਬਦ ਧੁੰਧੂਕਾਰਾ' (1978), ਬਗਾਨੇ ਬੋਹੜ ਦੀ ਛਾਂ' (1981), 'ਅੰਨ੍ਹੇ ਨਿਸ਼ਾਨਚੀ' (1983), 'ਸੱਤ ਬੇਗਾਨੇ', (1983), 'ਗਾਨੀ' (1990) ਆਦਿ ਨਾਟਕਾਂ ਦੀ ਸਿਰਜਣਾ ਕਿਸਾਨੀ ਦੇ ਵਿਸ਼ਿਆਂ ਨੂੰ ਲੈ ਕੇ ਹੀ ਕੀਤੀ। ਚਰਨਦਾਸ ਸਿੱਧੂ 'ਕਾਲਜੀਏਟ ਡਰਾਮਾ ਸੁਸਾਇਟੀ' ਰਾਹੀਂ ਦਿੱਲੀ ਨੂੰ ਆਪਣੀਆਂ ਨਾਟ-ਸਰਗਰਮੀਆਂ ਦਾ ਕੇਂਦਰ ਬਣਾਉਂਦਾ ਹੈ।ਉਹ ਆਪਣੇ ਨਾਟਕਾਂ 'ਭਜਨੋ', 'ਇੰਦੂਮਤਿ ਸਤਿਦੇਵ' (1984), 'ਬਾਬਾ ਬੰਤੂ' (1984) 'ਕੱਲ੍ਹ ਕਾਲਜ ਬੰਦ ਰਵ੍ਹੇਗਾ' (1984) ਮਸਤ ਮੇਘੋਵਾਲੀਆ (1986) ਆਦਿ ਰਾਹੀਂ ਪੇਂਡੂ ਯਥਾਰਥ, ਮਹਾਂਨਗਰਾਂ ਦੇ ਦੋਗਲੇ ਅਤੇ ਦੰਭ ਭਰਪੂਰ ਜੀਵਨ ਅਤੇ ਆਰਥਿਕ ਤੌਰ 'ਤੇ ਨਪੀੜੇ ਵਰਗਾਂ ਦੀ ਗੱਲ ਕਰਦਾ ਹੋਇਆ ਪੰਜਾਬੀ ਨਾਟ-ਸਿਰਜਣਾ ਅਤੇ ਰੰਗਮੰਚੀ ਸਰਗਰਮੀ ਵਿੱਚ ਆਪਣੀ ਭਰਪੂਰ ਹਾਜ਼ਰੀ ਲਵਾਉਂਦਾ ਹੈ। ਗੁਰਸ਼ਰਨ ਸਿੰਘ ਪੰਜਾਬੀ ਦਾ ਪ੍ਰਤੀਬੱਧ ਰੰਗਕਰਮੀ ਅਤੇ ਨਾਟਕਕਾਰ ਹੈ। ਜੇਕਰ ਨੰਦਾ ਪੰਜਾਬੀ ਨਾਟਕ ਨੂੰ ਅਤੇ ਨੋਰ੍ਹਾ ਪੰਜਾਬੀ ਰੰਗਮੰਚ ਨੂੰ ਜਨਮ ਦਿੰਦੇ ਹਨ ਤਾਂ ਗੁਰਸ਼ਰਨ ਸਿੰਘ ਪੰਜਾਬੀ ਨਾਟਕ ਤੇ ਰੰਗਮੰਚ ਨੂੰ ਪੰਜਾਬ ਦੇ ਪਿੰਡ-ਪਿੰਡ ਤੇ ਘਰ ਘਰ ਤੱਕ ਪਹੁੰਚਾਉਂਦਾ ਹੈ। ਉਹ ਨਾਟਕ ਦੀਆਂ ਨਵੀਆਂ ਵੰਨਗੀਆਂ ਲਘੂ ਨਾਟਕ ਅਤੇ ਨੁੱਕੜ ਨਾਟਕਾਂ ਦੀ ਸਿਰਜਣਾ ਕਰਦਾ ਹੈ। 'ਧਮਕ ਨਗਾਰੇ ਦੀ' (1981), 'ਸੀਸ ਤਲੀ 'ਤੇ' (1981) 'ਭੰਡ ਕਨੇਡਾ ਆਏ', 'ਬਾਬਾ ਬੋਲਦਾ ਹੈ', 'ਚੰਡੀਗੜ੍ਹ ਪੁਆੜੇ ਦੀ ਜੜ੍ਹ', ਨਾਇਕ ਆਦਿ ਉਸਦੇ ਮਹੱਤਵਪੂਰਨ ਨਾਟਕ ਹਨ। ਇਸ ਤਰ੍ਹਾਂ ਇਸ ਦੌਰ ਵਿੱਚ ਪੰਜਾਬੀ ਨਾਟਕ ਸਮਾਜਿਕ ਸਮੱਸਿਆਵਾਂ ਅਤੇ ਮਨੋਵਿਗਿਆਨਿਕ ਵਿਸ਼ਲੇਸ਼ਣ ਤੋਂ ਅੱਗੇ ਤੁਰ ਕੇ ਰਾਜਸੀ ਚੇਤਨਾ ਦੀ ਯਾਤਰਾ ਕਰਦਾ ਹੈ ਅਤੇ ਇਕਾਂਗੀ ਤੇ ਪੂਰੇ ਨਾਟਕ ਦੀ ਲਕੀਰੀ ਵੰਡ ਤੋਂ ਅੱਗੇ ਤੁਰਕੇ ਰੇਡੀਓ ਨਾਟਕ, ਕਾਵਿ ਨਾਟਕ, ਲਘੂ ਨਾਟਕ, ਟੀ. ਵੀ. ਨਾਟਕ, ਨੁੱਕੜ ਨਾਟਕ, ਬਾਲ ਨਾਟਕ, ਇੱਕ ਪਾਤਰੀ ਨਾਟਕ ਆਦਿ ਅਨੇਕਾਂ ਕਿਸਮਾਂ ਦਾ ਵਿਕਾਸ ਕਰਦਾ ਹੈ। ਨਾਟ-ਪ੍ਰਾਪਤੀਆਂ ਦੀ ਦ੍ਰਿਸ਼ਟੀ ਤੋਂ ਇਹ ਦੌਰ ਪੰਜਾਬੀ ਨਾਟਕ ਦਾ 'ਪੂਰਵ ਸਿਖਰ' ਕਹਿਣ ਯੋਗ ਜਾਪਦਾ ਹੈ।

# ਪੰਜਾਬੀ ਨਾਟਕ ਦਾ ਪੰਜਵਾਂ ਦੌਰ

- 1990 ਤੋਂ 2010 ਤੱਕ ਇਹ ਦੌਰ ਸਮਕਾਲੀ ਪੰਜਾਬੀ ਨਾਟਕਕਾਰ ਦਾ ਦੌਰ ਹੈ। ਇਸ ਦੌਰ ਦੇ ਆਰੰਭ ਵਿੱਚ ਹੀ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀ ਸਥਿਤੀ ਬਣੀ ਜਿਸਨੇ ਸਮੁੱਚੇ ਜੀਵਨ ਤੇ ਸਾਹਿਤ ਨੂੰ ਪ੍ਰਭਾਵਿਤ ਕੀਤਾ। ਉਸ ਸਮੇਂ ਸਾਹਿਤ ਵਿੱਚ ਵਿਸ਼ਵੀਕਰਨ, ਉੱਤਰ ਆਧੁਨਿਕਤਾ ਤੇ ਉੱਤਰ ਬਸਤੀਵਾਦ ਜਿਹੇ ਨਵੇਂ ਸੰਕਲਪ ਉਭਰੇ ਅਤੇ ਪੰਜਾਬੀ ਨਾਟਕ ਨੇ ਵੀ ਇਹਨਾਂ ਸੰਕਲਪਾਂ ਨੂੰ ਅੰਗੀਕਾਰ ਕੀਤਾ। ਇਸ਼ ਸਮੇਂ ਚੌਥੀ ਪੀੜ੍ਹੀ ਦੇ ਨਾਟਕਕਾਰ ਡਾ. ਸਤੀਸ਼ ਕੁਮਾਰ ਵਰਮਾ, ਸਵਰਾਜਬੀਰ, ਮਨਜੀਤਪਾਲ ਕੌਰ, ਪਾਲੀ ਭੁਪਿੰਦਰ, ਦੇਵਿੰਦਰ ਕੁਮਾਰ, ਵਰਿਆਮ ਮਸਤ ਤੇ ਜਤਿੰਦਰ ਬਰਾੜ ਸਾਹਮਣੇ ਆਉਂਦੇ ਹਨ ਜੋ ਉੱਤਰ ਆਧੁਨਿਕ ਸਰੋਕਾਰਾਂ ਅਧੀਨ ਬਹੁਮੁਖੀ ਪਹੁੰਚ ਵੱਲ ਅਗਰਸਰ ਹੁੰਦੇ ਹਨ। ਪੰਜਾਬੀ ਨਾਟਕ ਇਸ ਦੌਰ ਵਿੱਚ ਵਿਸ਼ਵੀਕਰਨ ਦੇ ਫਲਸਰੂਪ ਗੁਆਚ ਰਹੀ ਆਪੇ ਦੀ ਪਛਾਣ, ਬਦਲ ਰਹੀ ਨੈਤਿਕਤਾ, ਨਾਰੀ ਸੰਵੇਦਨਾ ਅਤੇ ਦਲਿਤ ਵਰਗ ਆਦਿ ਸਰੋਕਾਰਾਂ ਨਾਲ ਵਾਬਸਤਾ ਹੈ। ਇਸ ਕਿਸਮ ਦੀ ਚੇਤਨਾ ਵਿੱਚ ਪੰਜਾਬੀ ਨਾਟਕਕਾਰਾਂ ਦੀਆਂ ਚਾਰੇ ਪੀੜ੍ਹੀਆਂ ਨੇ ਯੋਗਦਾਨ ਪਾਇਆ। ਇਸ ਦੌਰ ਦੀ ਇਹੀ ਵਿਲੱਖਣਤਾ ਹੈ ਕਿ ਇੱਕੋ ਸਮੇਂ ਚਾਰੇ ਪੀੜ੍ਹੀਆਂ ਪੰਜਾਬੀ ਨਾਟਕਕਾਰੀ ਵਿੱਚ ਕਾਰਜਸ਼ੀਲ ਰਹਿੰਦੀਆਂ ਹਨ। ਪਹਿਲੀ ਪੀੜ੍ਹੀ ਵਿੱਚੋਂ ਹਰਚਰਨ ਸਿੰਘ, ਸੰਤ ਸਿੰਘ ਸੇਖੋਂ, ਗੁਰਦਿਆਲ ਸਿੰਘ ਖੋਸਲਾ, ਬਲਵੰਤ ਗਾਰਗੀ, ਦੂਜੀ ਪੀੜ੍ਹੀ ਵਿੱਚੋਂ ਸੁਰਜੀਤ ਸਿੰਘ ਸੇਠੀ, ਹਰਸਰਨ ਸਿੰਘ, ਗੁਰਚਰਨ ਸਿੰਘ ਜਸੂਜਾ, ਪਰਿਤੋਸ਼ ਗਾਰਗੀ, ਤੀਜੀ ਪੀੜ੍ਹੀ ਵਿੱਚੋਂ ਆਤਮਜੀਤ, ਅਜਮੇਰ ਸਿੰਘ ਔਲਖ, ਚਰਨ ਦਾਸ ਸਿੱਧੂ, ਗੁਰਸ਼ਰਨ ਸਿੰਘ, ਰੰਵਿੰਦਰ ਰਵੀ, ਅਜਾਇਬ ਕਮਲ, ਦੇਵਿੰਦਰ ਸਿੰਘ, ਦਰਸ਼ਨ ਮਿਤਵਾ ਆਦਿ ਚੌਥੀ ਪੀੜ੍ਹੀ ਦੇ ਨਵੇਂ ਨਾਟਕਕਾਰਾਂ ਦੇ ਸਮਵਿਥ ਨਾ ਕੇਵਲ ਨਾਟ-ਰਚਨਾ ਦੀ ਨਿਰੰਤਰਤਾ ਬਰਕਰਾਰ ਰੱਖਦੇ ਹਨ ਸਗੋਂ ਨਿੱਤ ਨਵੇਂ ਪ੍ਰਯੋਗਾਂ ਨਾਲ ਆਪਣੀ ਨਾਟਕਕਾਰੀ ਦੇ ਨਵੇਂ ਵਿਸਤਾਰ ਉਲੀਕਦੇ ਹਨ। ਵਿਸ਼ਵ ਦੀ ਖੁੱਲ੍ਹੀ ਆਰਥਿਕਤਾ ਅਤੇ ਖੁੱਲ੍ਹੀ ਨੈਤਿਕਤਾ ਵਿੱਚ ਗੁਆਚ ਰਹੇ ਮਨੁੱਖੀ ਅਸਤਿਤਵ ਦੀ ਤਲਾਸ਼ ਨੂੰ ਕੈਮਲੂਪਸ ਦੀਆਂ ਮੱਛੀਆਂ (ਆਤਮਜੀਤ), ਫਾਸਲੇ (ਜਤਿੰਦਰ ਬਰਾੜ) ਪਿੰਜਰੇ ਦੇ ਆਰ ਪਾਰ (ਦੇਵਿੰਦਰ ਕੁਮਾਰ) ਅਤੇ ਦਾਇਰੇ (ਸਤੀਸ਼ ਕੁਮਾਰ ਵਰਮਾ) ਨਾਟਕਾਂ ਨੇ ਪੇਸ਼ ਕੀਤਾ ਹੈ। ਨਾਰੀ ਸੰਵੇਦਨਾ ਪੱਖੋਂ ਇਸ ਦੌਰ ਵਿੱਚ ਪਹਿਲੀ ਪੀੜ੍ਹੀ ਦੇ ਨਾਟਕਕਾਰ ਸੁਰਜੀਤ ਸਿੰਘ ਸੇਠੀ ਦਾ 'ਤੇਰੇ ਨਾਚ ਨਚਾਇਆ', ਗੁਰਚਰਨ ਸਿੰਘ ਜਸੂਜਾ ਦਾ 'ਪਰੀਆਂ', ਅਮਰੀਕ ਸਿੰਘ ਦਾ 'ਅਨੀਤਾ ਦਾ ਫੈਸਲਾ' ਮਹੱਤਵਪੂਰਨ ਹਨ।

# ਪੰਜਾਬੀ ਨਾਟਕ ਦਾ ਛੇਵਾਂ/ਨਵੀਨ ਦੌਰ

- ਪੰਜਾਬੀ ਨਾਟਕ ਦਾ ਛੇਵਾਂ ਦੌਰ 2010 ਤੋਂ ਬਾਅਦ ਪੰਜਵੀਂ ਪੀੜ੍ਹੀ ਦੇ ਨਾਟਕਕਾਰਾਂ ਨਾਲ ਬੱਝਦਾ ਹੈ। 21ਵੀਂ ਸਦੀ ਦੇ ਦੂਜੇ ਦਹਾਕੇ ਦੌਰਾਨ ਗਤੀਸ਼ੀਲ ਹੋਈ ਪੰਜਾਬੀ ਨਾਟਕ ਦੀ ਪੰਜਵੀਂ ਪੀੜ੍ਹੀ ਵਿਚ ਤਰਸਪਾਲ ਕੌਰ, ਸੈਮੂਅਲ ਜੌਨ ਅਤੇ ਰਤਨ ਰੀਹਲ ਤੋਂ ਇਲਾਵਾ ਬਹੁਤ ਸਾਰੇ ਨਵੇਂ ਨਾਟਕਕਾਰ ਆਪਣੀਆਂ ਨਾਟਲਿਖਤਾਂ ਨਾਲ ਪੰਜਾਬੀ ਨਾਟਕ ਦੇ ਵਿਕਾਸ ਰੁਖ਼ ਨੂੰ ਨਵੀਂ ਦਿਸ਼ਾ ਪ੍ਰਦਾਨ ਕਰ ਰਹੇ ਹਨ। 21ਵੀਂ ਸਦੀ ਦਾ ਦੂਜੇ ਦਹਾਕਾ ਨਵੀਨ ਤਕਨੀਕੀ ਯੁੱਗ ਦਾ ਹਿੱਸਾ ਹੈ ਜਦ ਇਲੈਕਟ੍ਰੌਨਿਕ ਮੀਡੀਆ ਦਾ ਵਿਕਾਸ ਬਹੁਤ ਵੱਡੇ ਪੱਧਰ ਤੇ ਹੋ ਚੁੱਕਾ ਹੈ। ਉਸ ਦੌਰ ਵਿਚ ਨਾਟਕ ਦੀ ਹੋਂਦ ਨੂੰ ਵਰਤਮਾਨ ਪਰਿਪੇਖ ਦੇ ਅੰਤਰਗਤ ਸਥਾਪਿਤ ਕਰਨਾ ਆਪਣੇ ਆਪ ਵਿਚ ਚੁਣੌਤੀ ਭਰਪੂਰ ਕਾਰਜ ਹੈ। ਪਰੰਤੂ ਨਵੀਂ ਪੀੜ੍ਹੀ ਦੇ ਨਾਟਕਕਾਰ ਪੰਜਾਬੀ ਨਾਟਕ ਦੇ ਵਿਕਾਸ ਰੁਖ਼ ਵਿਚ ਨਿਰੰਤਰਤਾ ਨੂੰ ਜਾਰੀ ਰੱਖਦੇ ਹੋਏ ਨਵੀਆਂ ਤਕਨੀਕਾਂ ਨਾਲ ਗਤੀਸ਼ੀਲ ਭੂਮਿਕਾ ਅਦਾ ਕਰ ਰਹੇ ਹਨ।